# ਤੁਹਾਡੀ ਟਰਾਇਲ (ਅਦਾਲਤੀ ਮੁਕੱਦਮੇ) ਲਈ ਤਿਆਰੀ ਕਰਨ ਵਾਸਤੇ ਮਹੱਤਵਪੂਰਨ ਜਾਣਕਾਰੀ

ਕਾਨੂੰਨ ਅਤੇ ਕੋਰਟ ਵਿੱਚ ਪੇਸ਼ ਕੀਤੇ ਗਏ ਸਬੂਤਾਂ ਦੇ ਅਧਾਰ 'ਤੇ ਜੱਜ ਨੂੰ ਫੈਸਲਾ ਕਰਨਾ ਪੈਂਦਾ ਹੈ । ਨਿਯਮਾਂ ਨੂੰ ਜਾਨਣਾ ਅਤੇ ਆਪਣੇ ਕੇਸ ਨੂੰ ਤਿਆਰ ਕਰਕੇ ਪੇਸ਼ ਕਰਨਾ ਤੁਹਾਡੀ ਜ਼ਿੰਮੇਵਾਰੀ ਹੈ । ਇਥੇ ਕੁਝ ਸੁਝਾਅ ਦਿੱਤੇ ਗਏ ਹਨ:

1. ਕੋਰਟ ਰਜਿਸਟਰੀ ਵਿੱਚ ਜਾ ਕੇ "ਗੈਟਿੰਗ ਰੈਡੀ ਫਾਰ ਕੋਰਟ" ਅਤੇ "ਸਿਵਲ ਰੂਲਜ਼" ਦੇ (ਬੁੱਕਲੈਟਸ) ਕਿਤਾਬਚੇ ਲਓ ਅਤੇ ਉਹਨਾਂ ਨੂੰ ਬੜੇ ਧਿਆਨ ਨਾਲ ਪੜ੍ਹੋ । (ਇਹ ਇੰਟਰਨੈੱਟ 'ਤੇ ਵੀ (ਉਪਲੱਬਧ) ਮਿਲ ਜਾਂਦੇ ਹਨ । www.ag.gov.bc.ca/courts - follow links to Small Claims procedural guides and Rules.)

2. ਕੇਸ ਦਾ ਫੈਸਲਾ ਕਰਨ ਲਈ ਆਪਣੀ ਪੇਸ਼ਕਸ (ਔਫਰ) ਪੇਸ਼ ਕਰਨਾ ਤੁਹਾਡੇ ਲਈ ਲਾਭਦਾਇਕ ਵੀ ਹੋ ਸਕਦਾ ਹੈ । ਦੇਖੋ ਨਿਯਮ (ਰੂਲ) 10.1.

3. ਨੋਟਿਸ ਔਫ ਕਲੇਮ, ਇਸ ਦਾ ਉੱਤਰ ਅਤੇ ਸੈਟਲਮੈਂਟ ਕਾਨਫਰੰਸ ਦੇ ਰਿਕਾਰਡ ਨੂੰ ਧਿਆਨ ਨਾਲ ਦੁਬਾਰਾ ਪੜ੍ਹੋ ।

4. ਜਿਹੜੇ ਪੁਆਂਇਟ (ਨੁਕਤੇ) ਤੁਸੀਂ ਸਾਬਤ ਕਰਨਾ ਚਾਹੁੰਦੇ ਹੋ, ਉਹਨਾਂ ਦੀ ਇੱਕ ਲਿਸਟ ਬਣਾਓ ਅਤੇ ਇਹ ਵੀ ਵਿਚਾਰੋ ਕਿ ਤੁਸੀਂ ਹਰ ਇੱਕ ਨੁਕਤੇ ਨੂੰ ਕਿਸ ਤਰ੍ਹਾਂ ਸਾਬਤ ਕਰਨਾ ਹੈ । ਤੁਹਾਨੂੰ ਕਿਹੜੇ ਦਸਤਾਵੇਜ਼ਾਂ ਦੀ ਅਤੇ ਗਵਾਹੀਆਂ ਦੀ ਲੋੜ ਹੈ ?

5. ਆਪਣੇ ਦਸਤਾਵੇਜ਼ਾਂ ਨੂੰ (ਫੋਟੋਆਂ ਸਮੇਤ) ਇਕੱਠੇ ਕਰੋ ਅਤੇ ਉਹਨਾਂ ਨੂੰ ਸਹੀ ਤਰ੍ਹਾਂ ਤਰਤੀਬ ਦਿਓ । ਉਹਨਾਂ ਨੂੰ ਆਪਣੇ ਨਾਲ ਲੈ ਕੇ ਆਉਣਾ ਯਕੀਨੀ ਬਣਾਓ ਅਤੇ ਕੋਰਟ ਵਾਸਤੇ ਦੋ (2) ਕਾਪੀਆਂ ਜ਼ਿਆਦਾ ਲੈ ਕੇ ਆਓ ।

6. ਸੈਟਲਮੈਂਟ ਕਾਨਫਰੰਸ ਵੇਲੇ ਕੋਰਟ ਵੱਲੋਂ ਦਿੱਤੇ ਗਏ ਹੁਕਮਾਂ ਅਤੇ ਆਦੇਸ਼ਾਂ ਦੀ ਪਾਲਣਾ ਕਰਨਾ ਜ਼ਰੂਰੀ ਹੈ ਜਿਵੇਂ ਕਿ ਜੇਕਰ ਤੁਸੀਂ ਆਪਣੇ ਦਸਤਾਵੇਜ਼ ਦੀ ਕਾਪੀ ਆਪਣੀ ਵਿਰੋਧੀ ਧਿਰ ਨੂੰ ਭੇਜਣੋਂ ਰਹਿ ਗਏ ਹੋ ਤਾਂ ਉਸ ਦਸਤਾਵੇਜ਼ ਨੂੰ ਕੋਰਟ ਵਿੱਚ ਵਰਤਣ ਦੀ ਆਗਿਆ ਨਹੀਂ ਦਿੱਤੀ ਜਾਵੇਗੀ । ਦੇਖੋ ਨਿਯਮ 7 (15) ।

7. ਗਵਾਹੀ ਦੇਣ ਲਈ ਤੁਹਾਡਾ ਗਵਾਹ ਕੋਰਟ ਵਿੱਚ ਜ਼ਰੂਰ ਹਾਜ਼ਰ ਹੋਵੇ । ਇਸ ਨੂੰ ਯਕੀਨੀ ਬਣਾਉਣ ਲਈ ਤੁਹਾਨੂੰ "ਸੰਮਨਜ਼ ਟੂ ਵਿਟਨੈਸੱ" (ਗਵਾਹ ਨੂੰ ਸੰਮਨ ਭੇਜਣਾ) ਭੇਜਣ ਦੀ ਲੋੜ ਪਵੇਗੀ ਤਾਂ ਕਿ ਉਹ ਜ਼ਰੂਰ ਹਾਜ਼ਰ ਹੋਵੇ । (ਨਯਮ 9) ਹਲਫੀਆ ਬਿਆਨ (ਹਲਫਨਾਮਾ) ਦੀ ਆਗਿਆ ਓਨਾ ਚਿਰ ਨਹੀਂ ਦਿੱਤੀ ਜਾਵੇਗੀ ਜਿੰਨਾਂ ਚਿਰ ਤੱਕ ਤੁਸੀਂ "ਟਰਾਇਲ ਡੇਟ" ਤੋਂ ਕਾਫੀ ਸਮਾਂ ਪਹਿਲਾਂ ਵਿਰੋਧੀ ਧਿਰ ਨਾਲ ਇਸ ਬਾਰੇ ਸਮਝੌਤਾ ਨਹੀਂ ਕਰ ਲੈਂਦੇ ।

8. ਤੁਹਾਡੇ ਕੇਸ ਨੂੰ ਸਾਬਤ ਕਰਨ ਲਈ ਤੁਹਾਨੂੰ "ਮਾਹਿਰ ਗਵਾਹ" ਦੀ ਲੋੜ ਪੈ ਸਕਦੀ ਹੈ । (ਜਿਵੇਂ ਕਿ ਆਟੋ ਮਕੈਨਿਕ ਜਾਂ ਫਿਰ ਕਨਸਟਰੱਕਸ਼ਨ ਇੰਡਸਟਰੀ (ਉਸਾਰੀ ਦਾ ਕੰਮ) ਵਿੱਚ ਅਜ਼ਾਦ ਮਾਹਿਰ") ਜੇ ਅਜਿਹਾ ਹੁੰਦਾ ਹੈ ਤਾਂ ਤੁਹਾਨੂੰ ਨਿਯਮ 10 ਦੀ ਪਾਲਣਾ ਕਰਨੀ ਜ਼ਰੂਰੀ ਹੈ ।

9. ਪਤਾ ਕਰੋ ਕਿ ਤੁਹਾਡੇ ਕੇਸ 'ਤੇ ਕਿਹੜਾ ਕਾਨੂੰਨ ਲਾਗੂ ਹੁੰਦਾ ਹੈ ਅਤੇ ਉਸ ਕਾਨੂੰਨ ਉਪੱਰ ਬਹਿਸ ਕਰਨ ਲਈ ਤਿਆਰੀ ਕਰੋ । ਅਜਿਹੀ ਜਾਣਕਾਰੀ ਲੈਣ ਲਈ ਬਹੁਤ ਸਾਰੇ ਸਾਧਨ ਹਨ । ਇਸ 'ਤੇ ਕੋਸ਼ਿਸ਼ ਕਰੋ: http://www.courts.gov.bc.ca/self%20help/. ਜਾਂ ਫਿਰ "ਲਾਅਇਰ ਰੈਫਰਲ ਸਰਵਿਸ" ਟੈਲੀਫੋਨ ਬੁੱਕ 'ਚੋਂ ਲੱਭ ਲਓ ।

10. ਆਪਣੇ ਕੇਸ ਨੂੰ ਸਹੀ ਤਰੀਕੇ ਨਾਲ ਤਰਤੀਬ ਦੇ ਕੇ ਪੇਸ਼ ਕਰੋ । ਕੋਰਟਾਂ ਬਹੁਤ ਮਸ਼ਰੂਫ ਬਿਜ਼ੀ) ਹਨ ਤੁਹਾਡੇ ਵੱਲੋਂ ਕੇਸ ਨੂੰ ਸੰਖੇਪ ਵਿੱਚ ਪੇਸ਼ ਕਰਨ ਦੇ ਯਤਨਾਂ ਦੀ ਸ਼ਲਾਘਾ ਕੀਤੀ ਜਾਵੇਗੀ ।